International Journal of Applied Research 2016; 2(1): 489-491




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(1): 489-491
www.allresearchjournal.com
Received: 16-11-2015
Accepted: 18-12-2015

**ਡਾ. ਉਮਿੰਦਰ ਜੌਹਲ**
ਐਸੋਸੀਏਟ ਪ੍ਰੋਫੈਸਰ
ਦੁਆਬਾ ਕਾਲਜ,
ਜਲੰਧਰ

# ਪਾਠ ਭਾਸ਼ਾ ਵਿਗਿਆਨ : ਸਿਧਾਂਤਕ ਪਰਿਪੇਖ
# Text linguistics: Theory

**ਡਾ. ਉਮਿੰਦਰ ਜੌਹਲ**

**ਤੱਤ-ਸਾਰ (Abstract)**
ਵਿਸ਼ਵ-ਚਿੰਤਨ ਦੇ ਚਿੱਤਰਪੱਟ 'ਤੇ ਸਾਹਿਤ ਦੀ ਪਰਕਿਰਤੀ ਅਤੇ ਪ੍ਰਯੋਜਨ ਨੂੰ ਵਧੇਰੇ ਸਾਰਥਿਕ ਲੀਹਾਂ ਉੱਪਰ ਸਮਝੇ ਜਾਣ ਦਾ ਅਧਿਐਨ-ਵਿਧਾਨ ਪਾਠ- ਭਾਸ਼ਾ ਵਿਗਿਆਨ ਵਜੋਂ ਸਥਾਪਤ ਹੋ ਰਿਹਾ ਹੈ। ਯਥਾਰਥ ਚਿੰਨ੍ਹਾਂ ਦਾ ਬਣਦਾ ਹੈ। ਪਰ ਚਿੰਨ੍ਹ ਯਥਾਰਥ ਨੂੰ ਸਿਰਫ ਸੰਚਾਰੀ (communicable) ਬਣਾਉਂਦੇ ਹਨ। ਸਾਹਿਤ-ਪਾਠ (text) ਚਿੰਨ੍ਹਾਂ ਰਾਹੀਂ ਬਣਦਾ ਹੈ ਪਰ ਇਹ ਪਾਠ ਚਿੰਨ੍ਹਾਂ ਨੂੰ ਸੰਸਾਰੀ (worldable) ਬਣਾ ਦਿੰਦਾ ਹੈ। ਅਰਥਾਤ ਯਥਾਰਥ ਦਾ ਹਰ ਪੱਖ (ਸਮੂਰਤ- ਅਮੂਰਤ) ਕਿਸੇ ਨਾ ਕਿਸੇ ਚਿੰਨ੍ਹ-ਪ੍ਰਬੰਧ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਅੱਗੋਂ ਚਿੰਨ੍ਹਾਂ ਦਾ ਇੱਕ ਵਿਸ਼ੇਸ਼ ਕ੍ਰਮਿਕ-ਵਿਧਾਨ ਇਕ ਪਾਠ-ਸੰਸਾਰ ਵਜੋਂ ਪ੍ਰਸਤੁਤ ਹੁੰਦਾ ਹੈ। ਯਥਾਰਥ ਦੇ ਸਮਾਨਾਂਤਰ ਉਸਰੇ ਇਸ ਇਕ ਵੱਖਰੇ ਪਾਠ ਨੂੰ ਹੀ ਸਮਝਣ-ਦੇਖਣ ਦੀ ਲੋੜ ਹੁੰਦੀ ਹੈ। ਇਹ ਪਾਠ ਨਾ ਮਹਿਜ ਰੂਪ ਹੈ ਅਤੇ ਨਾ ਸਿਰਫ ਅਰਥ। ਇਹ ਪਾਠ ਨਾ ਸਿਰਫ ਸਮੂਰਤਨ ਹੈ ਨਾ ਸਿਰਫ ਅਮੂਰਤਨ। ਇਹ ਪਾਠ ਨਾ ਸਿਰਫ ਵਰਤਮਾਨ, ਨਾ ਭੂਤ ਨਾ ਭਵਿੱਖ। ਇਹ ਪਾਠ ਅਕਾਲ ਹੈ। ਇਸ ਨੂੰ ਦੇਖਣ-ਸਮਝਣ ਦੀ ਅੱਖ ਪੈਦਾ ਕਰਨ ਦੀ ਲੋੜ ਹੈ। ਇਹ ਉਸਨੂੰ ਦਿਸੇਗਾ ਜਿਸ ਕੋਲ ਤੀਸਰੇ ਨੇਤਰ (ਆਮ ਸੂਝ ਤੋਂ ਅਗਲੇਰੀ ਸੂਝ) ਵਾਲੀ ਦ੍ਰਿਸ਼ਟੀ ਹੋਏਗੀ ਅਤੇ ਜਿਸ ਕੋਲ ਪਹਿਲੇ ਸਹਿਜ ਰੂਪ ਵਿੱਚ ਪ੍ਰਾਪਤ ਸੱਤਈ-ਯਥਾਰਥ (ਬ੍ਰਹਿਮੰਡਕ ਅਤੇ ਸਮਾਜਿਕ) ਅਤੇ ਚਿੰਨ੍ਹੀਕ੍ਰਿਤ-ਯਥਾਰਥ (ਸੰਚਾਰੀ ਯਥਾਰਥ) ਤੋਂ ਆਪਣੇ ਆਪ ਨੂੰ ਵੱਖ ਕਰਨ ਦੀ ਜੁਗਤ ਹੋਵੇਗੀ ਅਤੇ ਜਿਸ ਵਿੱਚ ਸਿਰਜਤ ਸੰਸਾਰੀ-ਪਾਠ ਨਾਲ ਜੁੜ ਅਤੇ ਸਮਝ ਸਕਣ ਦੀ ਸਮਰੱਥਾ ਹੋਵੇਗੀ।

**ਮੂਲ- ਸੰਕਲਪ (Keywords):** ਪਾਠ-ਵਿਗਿਆਨ (Science Of Text), ਪਾਠ (Text), ਪ੍ਰਵਚਨ (Discourse), ਪਾਠ-ਭਾਸ਼ਾਵਿਗਿਆਨ (TextLinguistics), ਸੰਚਾਰੀ-ਚਿੰਨ੍ਹ (Communicable-Sign), ਸੰਸਾਰੀ -ਚਿੰਨ੍ਹ (Worldable-Sign)

## Introduction
ਭਾਸ਼ਾ ਮਾਨਵ ਅਤੇ ਮਾਨਵੀ ਚਿੰਤਨ-ਪ੍ਰਵਾਹ ਦੇ ਸਮੁੱਚੇ ਉਸਾਰਾਂ ਦਾ ਕੇਂਦਰ ਹੈ। ਭਾਸ਼ਾ ਨੂੰ ਮਹਿਜ਼ ਸੰਚਾਰ ਸਾਧਨ ਵਜੋਂ ਦੇਖਣ ਦੇ ਪ੍ਰਚਲਤ ਰਹੇ ਸੂਝ-ਅਮਲ ਆਪਣੀ ਔਧ ਹੰਢਾਅ ਚੁੱਕੇ ਹਨ। ਅੱਜ ਭਾਸ਼ਾ ਦੀ ਹੋਂਦ ਅਤੇ ਹੋਣੀ ਮਾਨਵੀ ਚਿੰਤਨ ਦੇ ਸਮੁੱਚੇ ਰੁਪਾਂਤਰਣਾਂ ਵਿੱਚ ਪਛਾਣੀ ਜਾ ਰਹੀ ਹੈ।

ਭਾਸ਼ਾ ਨੂੰ ਮਨੁੱਖ ਦਾ ਵਿਧਾ-ਬਿੰਦੂ ਸਮਝਣ ਦਾ ਸੂਝ-ਪ੍ਰਵਾਹ ਮਨੁੱਖ ਦੀਆਂ ਮੂਲ-ਪਛਾਣਾਂ ਨੂੰ ਭਾਸ਼ਾ-ਪ੍ਰਾਪਤੀ ਵਿੱਚ ਖੋਲ੍ਹ ਕੇ ਦੇਖਦਾ ਹੈ। ਭਾਸ਼ਾਈ ਵਿਧੀਆਂ ਅਤੇ ਭਾਸਾਈ ਰੂਪਾਂ ਵਿੱਚ ਰੂਪਾਂਤਰਤ ਹੋਏ ਗਿਆਨ ਨੂੰ ਹੀ ਗਿਆਨ ਸਮਝਣ ਦਾ ਮੌਜੂਦਾ ਪ੍ਰਚਲਣ, ਇਸ ਵਿਚਾਰ ਦੀ ਹੀ ਦੇਣ ਹੈ ਕਿ ਜੋ ਭਾਸ਼ਾ ਵਿੱਚ ਢਲਿਆ ਨਹੀਂ ਉਹ ਹੈ ਹੀ ਨਹੀਂ। ਵਸਤੂ-ਯਥਾਰਥ ਨੂੰ ਦੇਖਣ ਦੀ ਇਹ ਸੂਝ ਅਸਲ ਵਿੱਚ ਭਾਸ਼ਾ ਦੀ ਉਸ ਭੂਮਿਕਾ ਦੀ ਤਲਾਸ਼ ਹੈ ਜਿਸ ਵਿੱਚ ਭਾਸ਼ਾਈ ਉਸਾਰ ਹੀ ਮਾਨਵੀ ਚਿੰਤਨ ਹਨ। ਅਸਲ ਵਿੱਚ ਅੱਜ ਦਾ ਇਹ ਵਿਚਾਰ ਅਚੇਤ-ਸੁਚੇਤ ਪੱਧਰ ਤੇ ਆਦਿ ਮਨੁੱਖ ਨੂੰ ਵੀ ਪ੍ਰਭਾਵਤ ਕਰਦਾ ਰਿਹਾ ਹੈ, ਇਸੇ ਵਿਚੋਂ ਸ਼ਾਬਦੋ-ਬ੍ਰਹਮ ਜਿਹੇ ਸੰਕਲਪ ਸਾਹਮਣੇ ਆਏ। ਅੱਜ ਵੀ ਮਾਨਵੀ ਸੂਝ ਦਾ ਸਮੁੱਚਾ ਅਮਲ ਭਾਸ਼ਾ-ਰੂਪਾਂ ਦੇ ਰੂਪਾਂਤਰਣਾਂ ਉੱਪਰ ਕੇਂਦਰਿਤ ਹੈ। ਭਾਸ਼ਾ ਦੇ ਰੂਪਾਂਤਰਣਾਂ ਦੀ ਥਾਹ ਪਾਉਣਾ ਹੀ ਅਸਲ ਵਿੱਚ ਮਾਨਵੀ ਸਮਰੱਥਾਵਾਂ ਨੂੰ ਸਮਝਣਾ ਹੈ। ਪਾਠ-ਭਾਸ਼ਾ ਵਿਗਿਆਨ ਦਾ ਸੰਕਲਪ ਵੀ ਇਸੇ ਚਿੰਤਨ-ਪ੍ਰਵਾਹ ਦੀ ਦੇਣ ਹੈ।

ਸਾਹਿਤ ਦੀ ਥਾਹ ਪਾਉਣ ਦੇ ਯਤਨਾਂ ਲੰਬਾ ਇਤਿਹਾਸ ਹੈ। ਆਦਿ-ਕਾਲ ਦੇ ਚਿੰਤਨੀ ਉਸਾਰ ਵੀ ਸਾਹਿਤਕ ਕਿਰਤਾਂ ਦੀ ਨਿਰਖ-ਪਰਖ ਦੇ ਯਤਨਾਂ ਵਿੱਚ ਜੁੱਟੇ ਰਹੇ ਹਨ। ਇਸ ਸੰਦਰਭ ਵਿੱਚ ਭਾਰਤੀ ਅਤੇ ਪੱਛਮੀ ਸਾਹਿਤ ਅਧਿਐਨ ਦੀਆਂ ਵਿਧੀਆਂ ਦੀ ਇਕ ਅਮੀਰ ਪਰੰਪਰਾ ਮੌਜੂਦ ਹੈ। ਭਾਰਤੀ ਸਾਹਿਤ-ਸਾਸ਼ਤਰੀਆਂ ਨੇ ਤਾਂ ਸਦੀਆਂ-ਸਦੀਆਂ ਤੱਕ ਸਾਹਿਤ-ਚਿੰਤਨ ਨੂੰ ਸੰਵਾਦ ਵਿੱਚ ਪਾਈ ਰੱਖਿਆ। ਸੰਸਕ੍ਰਿਤ ਸਾਹਿਤ ਅਤੇ ਭਾਸ਼ਾ ਚਿੰਤਨ ਦੀ ਅਮੀਰ ਪਰੰਪਰਾ ਭਾਰਤੀ ਆਧੁਨਿਕ ਭਾਸਾਵਾਂ ਦੇ ਚਿੰਤਨ ਦਾ ਅਧਾਰ ਅਤੇ ਪਰੰਪਰਾ ਕਹੀ ਜਾ ਸਕਦੀ ਹੈ ਪਰ ਵਿਡੰਬਨਾ ਇਹ ਵੀ ਹੈ ਕਿ ਆਧੁਨਿਕ ਭਾਰਤੀ ਭਾਸ਼ਾਵਾਂ ਦਾ ਸੰਸਕ੍ਰਿਤ ਦੇ ਅਮੀਰ ਖਜ਼ਾਨੇ ਨਾਲ ਉਸ ਤਰ੍ਹਾਂ ਦਾ ਜੀਵੰਤ ਰਿਸ਼ਤਾ ਸਥਾਪਤ ਨਹੀਂ ਹੋ

**Correspondence**
**ਡਾ. ਉਮਿੰਦਰ ਜੌਹਲ**
ਐਸੋਸੀਏਟ ਪ੍ਰੋਫੈਸਰ
ਦੁਆਬਾ ਕਾਲਜ,
ਜਲੰਧਰ

ਸਕਿਆ ਜਿਸ ਰਿਸ਼ਤੇ ਵਿੱਚੋਂ ਸੰਸਕ੍ਰਿਤ ਭਾਸ਼ਾ ਵਿੱਚ ਮਿਲਦੇ ਸਾਹਿਤ-ਚਿੰਤਨ ਨੂੰ ਸੰਵਾਦ ਵਿੱਚ ਪਾ ਕੇ ਚਿੰਤਨ-ਪ੍ਰਵਾਹ ਨੂੰ ਉਸੇ ਪੜ੍ਹਾਅ ਤੋਂ ਅੱਗੇ ਤੋਰਿਆ ਜਾਂਦਾ। ਆਧੁਨਿਕ ਭਾਸ਼ਾਵਾਂ ਵਿੱਚ ਸਾਹਮਣੇ ਆਇਆ ਅਤੇ ਆ ਰਿਹਾ ਸਾਹਿਤ-ਚਿੰਤਨ ਇਸੇ ਲਈ ਕਈ ਵਾਰ ਇਕਹਿਰਾ ਦਿਖਾਈ ਦਿੰਦਾ ਹੈ ਕਿਉਂਕਿ ਇਹ ਆਪਣੀਆਂ ਹੀ ਪਰੰਪਰਾ ਨਾਲ ਸ਼ੁੱਧ ਸੰਵਾਦ ਵਿੱਚੋਂ ਪੈਦਾ ਨਹੀਂ ਹੋਇਆ, ਪਾਠ ਭਾਸ਼ਾ ਵਿਗਿਆਨ ਦੀ ਸਾਹਿਤ ਅਧਿਐਨ ਵਿਧੀ ਵੀ ਪੱਛਮੀ ਚਿੰਤਨੀ ਪ੍ਰਵਾਹ ਵਿੱਚੋਂ ਆਪਣਾ ਮੁਹਾਂਦਰਾ ਘੜਦੀ ਹੈ। ਪਾਠ ਦੇ ਪੱਛਮੀ ਚਿੰਤਨ ਦੇ ਇਸ ਪ੍ਰਵਾਹ ਨੂੰ ਸਾਡੀਆਂ ਆਪਣੀਆਂ ਸਾਹਿਤ ਚਿੰਤਨੀ ਪਰੰਪਰਾਵਾਂ ਦੇ ਸਮਾਂਨਾਂਤਰ ਰੱਖ ਕੇ ਦੇਖਣਾ ਅਜੇ ਭਵਿੱਖ ਦਾ ਕਾਰਜ-ਖੇਤਰ ਹੈ। ਪਾਠ ਭਾਸ਼ਾ ਵਿਗਿਆਨ ਦਾ ਮੌਜੂਦਾ ਸੰਕਲਪ ਅਤੇ ਵਿਸ਼ਲੇਸ਼ਣ ਪੱਛਮੀ ਚਿੰਤਨਧਾਰਾ ਵਿੱਚੋਂ ਹੀ ਆਪਣੇ ਨਕਸ਼ ਘੜਦਾ ਹੈ। ਡਾ. ਪਰਮਜੀਤ ਸਿੰਘ ਸਿੱਧੂ[1] ਨੇ ਇਸ ਸੰਦਰਭ ਵਿੱਚ ਪਾਠਾਤਮਿਕ ਵਿਧੀ ਦੇ ਸਿਧਾਂਤਕ ਅਧਾਰ ਪਛਾਣਦਿਆਂ ਇਸ ਵਿਚਾਰ ਨੂੰ ਅਧਾਰ ਬਣਾ ਕੇ ਪਾਠ ਦੀ ਪਛਾਣ ਦਾ ਯਤਨ ਕੀਤਾ ਹੈ।

ਪਾਠ-ਭਾਸ਼ਾ ਵਿਗਿਆਨ (Text Linguistics) ਭਾਸ਼ਾਈ ਪਾਠਾਂ ਦੇ ਅਧਿਐਨ-ਵਿਸ਼ਲੇਸ਼ਣ ਦਾ ਵਿਗਿਆਨ ਹੈ। ਭਾਸ਼ਾਈ-ਪਾਠਾਂ ਦਾ ਖੇਤਰ ਸਮੁੱਚੇ ਸਮਾਜਿਕ ਉਸਾਰਾਂ ਦਾ ਖੇਤਰ ਹੈ ਪਰ ਹਥਲਾ ਕਾਰਜ ਸਾਹਿਤ-ਪਾਠਾਂ ਦੇ ਅਧਿਐਨ ਵਿਸ਼ਲੇਸ਼ਣ ਦੇ ਸਿਧਾਂਤਕ ਪਰਿਪੇਖ ਉੱਪਰ ਕੇਂਦਰਿਤ ਹੈ।

"Text linguistics is a branch of linguistics that deals with texts as communication system. Its original aims lay in uncovering and describing text grammars. The application of text linguistics has, however, evolved from this approach to a point in which text is viewed in much broader terms that go beyond a mere extension of traditional grammar towards an entire text. In general it is an application of discourse analysis at the much broader level of text, rather than just a sentence or word."[2]

ਪਾਠ-ਭਾਸ਼ਾ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੀ ਸ਼ਾਖਾ ਮੰਨਣ ਦੀਆਂ ਧਾਰਨਾਵਾਂ ਹੁਣ ਨਵੇਂ ਵਿਸਥਾਰ ਗ੍ਰਹਿਣ ਕਰ ਚੁੱਕੀਆਂ ਹਨ। ਭਾਸ਼ਾ ਵਿਗਿਆਨ ਭਾਸ਼ਾਈ ਮੱਦਾਂ ਦੇ ਭਾਸ਼ਾਈ ਅਤੇ ਸਭਿਆਚਾਰਿਕ ਸੰਦਰਭਾਂ ਦੇ ਅਧਿਐਨ-ਵਿਸ਼ਲੇਸ਼ਣ ਉੱਪਰ ਕੇਂਦਰਿਤ ਵਿਗਿਆਨ ਹੈ ਜੋ ਭਾਸ਼ਾ ਦੇ ਆਂਤਰਿਕ-ਪ੍ਰਬੰਧਾਂ ਨੂੰ ਵਿਆਕਰਨਿਕ - ਸਿਧਾਂਤਕ ਚੌਖਟਿਆਂ ਵਿੱਚ ਨਿਰਖਦਾ ਪਰਖਦਾ ਹੈ ਪਰ ਪਾਠ-ਭਾਸ਼ਾ ਵਿਗਿਆਨ ਕਿਸੇ ਭਾਸ਼ਾਈ-ਪਾਠ ਦੇ ਸ਼ੁੱਧ ਵਿਆਕਰਨਿਕ ਅਧਿਐਨ-ਵਿਸ਼ਲੇਸ਼ਣ ਤੱਕ ਸੀਮਤ ਨਹੀਂ।

"A text is made up of sentences, but there exist separate principles of text-construction, beyond the rules for making sentences"[3]

ਪਾਠ ਭਾਸ਼ਾਈ ਵਾਕਾਂ ਦਾ ਬਣ ਕੇ ਵੀ ਆਪਣੇ ਮੌਲਿਕ ਆਧਾਰਾਂ ਉੱਪਰ ਉਸਰਿਆ ਹੋਇਆ ਹੁੰਦਾ ਹੈ। ਇਹ ਧਾਰਨਾ ਪਾਠ ਦੇ ਸੰਚਾਰ-ਸਾਧਨ ਤੋਂ ਪਾਰ ਨਿਕਲ ਜਾਣ ਦਾ ਤਰਕ ਸਿਰਜਦੀ ਹੈ। ਪਾਠ ਦੀ ਹੋਂਦ ਤਲਾਸ਼ਣ ਦੇ ਸਿਧਾਂਤਕ ਆਧਾਰਾਂ ਨੂੰ ਵਿਸ਼ਾ ਬਣਾਉਂਦੀ ਪਹੁੰਚ ਹੀ ਪਾਠ-ਭਾਸ਼ਾ ਵਿਗਿਆਨ ਵਜੋਂ ਪ੍ਰਸਤੁਤ ਹੋ ਰਹੀ ਹੈ। ਇਹ ਪਾਠ-ਭਾਸ਼ਾ ਵਿਗਿਆਨ ਪਾਠ ਦੇ ਸਵੈ-ਸਿਰਜਤ ਸੰਸਾਰ ਦੀਆਂ ਯਾਂਤਰਿਕ ਤੇ ਆਂਤਰਿਕ ਪਰਤਾਂ ਵਿੱਚੋਂ ਪਾਠ ਦੀ ਮੌਲਿਕਤਾ ਨੂੰ ਪਛਾਣਨ ਦੀ ਅਧਿਐਨ-ਵਿਧੀ ਹੈ। ਹੈਲੀਡੇ[4] ਨੇ ਭਾਸ਼ਾ ਦੇ ਕਾਰਜਾਂ ਦੀ ਨਿਸ਼ਾਨਦੇਹੀ ਸਮੇਂ ਭਾਸ਼ਾ ਦੇ ਪਾਠਾਤਮਿਕ ਪਰਕਾਰਜ ਨੂੰ ਸਿਖਰ ਉੱਪਰ ਰੱਖਿਆ ਭਾਵੇਂ ਕਿ ਂ ਭਾਸ਼ਾ ਦੇ ਕਾਲਪਨਿਕ ਅਤੇ ਅੰਤਰ-ਵਿਅਕਤੀਗਤ ਪਰਕਾਰਜ ਭਾਸ਼ਾ ਪੈਦਾ ਹੋਣ ਦੇ ਮੂਲ ਅਧਾਰਾਂ ਅਤੇ ਭਾਸ਼ਾ ਦੇ ਮੂਲ ਸੰਚਾਰ ਕਾਰਜ ਨੂੰ ਸਾਹਮਣੇ ਲਿਆਉਂਦੇ ਹਨ ਪਰ ਹੈਲੀਡੇ ਭਾਸ਼ਾ ਦੇ ਪਾਠਾਤਮਿਕ ਪਰਕਾਰਜ ਦੀ ਗੱਲ ਕਰਦਾ ਹੋਇਆ ਅਸਲ ਵਿੱਚ ਭਾਸ਼ਾ ਦੀ ਨਹੀਂ ਸਗੋਂ ਪਾਠ ਵਿੱਚ ਢਲੀ ਭਾਸ਼ਾ ਦੀ ਗੱਲ ਕਰਦਾ ਹੈ। ਹੈਲੀਡੇ ਦੇ ਤੀਸਰੇ ਭਾਸ਼ਾ-ਕਾਰਜ ਦਾ ਅਸਲ ਨੁਕਤਾ "ਪਾਠ" (text) ਬਣੀ ਭਾਸ਼ਾ ਹੀ ਹੈ। ਭਾਸ਼ਾ ਇੱਥੇ ਤੱਕ ਪਹੁੰਚ ਕੇ ਆਪਣੇ ਪਹਿਲੇ ਦੋਵਾਂ ਪਰਕਾਰਜਾਂ (ਕਾਲਪਨਿਕ ਅਤੇ ਅੰਤਰ ਵਿਅਕਤੀਗਤ) ਵਾਲਾ ਮੁਹਾਂਦਰਾ ਬਹੁਤ-ਹੱਦ ਤੱਕ ਤਿਆਗ ਚੁੱਕੀ ਹੁੰਦੀ ਹੈ। ਇਸੇ ਤਿਆਗ ਵਿੱਚੋਂ ਪਾਠ ਦਾ ਮੌਲਿਕ ਮੁਹਾਂਦਰਾ ਘੜਿਆ ਜਾਂਦਾ ਹੈ। ਇਹ ਪਾਠ ਪੂਰਵਲੇ ਪਾਠਾਂ ਦੀ ਆਪਣੀ ਪਰੰਪਰਾ ਨਾਲ ਤਾਂ ਰੂੜ੍ਹੀਗਤ ਅਧਾਰਾਂ ਤੇ ਮਿਚਦਾ ਨਜ਼ਰ ਆ ਸਕਦਾ ਹੈ ਪਰ ਸ਼ੁੱਧ ਭਾਸ਼ਾਈ ਮੱਦਾਂ ਨਾਲ ਇਸ ਨੂੰ ਸਿੱਧੇ ਤੌਰ ਤੇ ਨਾ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਜੋੜਿਆ ਜਾਣਾ ਤਰਕ-ਸੰਗਤ ਹੈ। ਪਾਠ ਨੂੰ ਪਾਠ ਦੀ ਆਂਤਰਿਕਤਾ ਵਿੱਚ ਹੀ ਦੇਖਣ ਦਾ ਸੂਝ-ਪ੍ਰਵਾਹ ਪਾਠ ਭਾਸ਼ਾ ਵਿਗਿਆਨ ਵਜੋਂ ਖੁੱਲਦਾ ਹੈ। ਪਾਠ ਭਾਸ਼ਾ ਵਿਗਿਆਨ ਹੈਲੀਡੇ ਦੁਆਰਾ ਪਛਾਣੇ ਗਏ ਪਾਠ ਗੁਣਾਂ ਦੇ ਅਧਾਰ ਤੇ ਪਾਠ[੫] ਨੂੰ ਇਕਮੁੱਠਤਾ ਦੇ ਨੇਮ ਵਿੱਚ ਬੱਝੀ ਪ੍ਰਯੋਜਨ ਕੇਂਦਰਿਤ ਚਰਿੱਤਰ ਦੀ ਧਾਰਨੀ ਅਤੇ ਵਿਕਾਸ-ਮੁੱਖ ਗਤੀਸ਼ੀਲਤਾ ਵਾਲੀ ਸਰੰਚਨਾ ਵਜੋਂ ਗ੍ਰਹਿਣ ਕਰਦਾ ਹੈ। ਪਾਠ ਦੀ ਇਕਮੁੱਠਤਾ, ਪ੍ਰਯੋਜਨ, ਚਰਿੱਤਰ, ਵਿਕਾਸ ਅਤੇ ਸਰੰਚਨਾ ਕਿਸੇ ਪਾਠ ਦੀ ਹੋਂਦ ਦੇ ਪਛਾਣ ਚਿੰਨ੍ਹ ਹਨ ਜੋ ਅਗੋਂ ਪਾਠ ਵਿਚਲੇ ਸਿਰਜਣਾਤਮਿਕ ਨੇਮ ਦੀ ਪਛਾਣ ਦਾ ਅਧਾਰ ਬਣਦੇ ਹਨ। ਪਾਠ-ਭਾਸ਼ਾ ਵਿਗਿਆਨ ਦੇ ਚਿੰਤਨੀ ਪ੍ਰਵਾਹ ਅਤੇ ਵਿਕਾਸ ਨੂੰ ਡਾ. ਪਰਮਜੀਤ ਸਿੰਘ ਸਿੱਧੂ ਨੇ ਪਛਾਣਨ ਦਾ ਸਫਲ ਯਤਨ ਕੀਤਾ ਹੈ –

"ਪਾਠ ਭਾਸ਼ਾ ਵਿਗਿਆਨਿਕ ਅਧਿਐਨ ਦੇ ਇਤਿਹਾਸ ਨੂੰ ਤਿੰਨ ਪੜ੍ਹਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਪੜ੍ਹਾਅ ਤੇ ਵਾਕ ਨੂੰ ਇਕਾਈ ਮੰਨ ਕੇ ਪਾਠ ਨੂੰ ਵਾਕਾਂ ਦੁਆਰਾ ਸਿਰਜਿਤ ਪ੍ਰਭਾਵਸਾਲੀ ਕਿਰਤ ਕਿਹਾ ਗਿਆ। ਦੂਜੇ ਪੜਾਅ ਉਤੇ ਪਾਠ ਦੇ ਪਰਿਪੇਖ ਵਿੱਚ ਦੋ ਜਾਂ ਦੋ ਤੋਂ ਵਧੇਰੇ ਵਾਕਾਂ ਦੇ ਸੁਮੇਲ ਨਾਲ ਬਣੀ ਇਕਾਈ ਨੂੰ ਵਿਸ਼ਲੇਸ਼ਣਾਤਮਕ ਇਕਾਈ ਦਾ ਦਰਜਾ ਦਿੱਤਾ ਗਿਆ ਅਤੇ ਤੀਜੇ ਪੜਾਅ ਤੇ ਪਾਠ ਨੂੰ ਹੀ ਭਾਸ਼ਾ ਵਿਗਿਆਨਕ ਅਧਿਐਨ ਦੀ ਸਭ ਤੋਂ ਵੱਡੀ ਇਕਾਈ ਮੰਨ ਲਿਆ ਗਿਆ।"[6]

ਪਾਠ-ਭਾਸ਼ਾ ਵਿਗਿਆਨ ਅਸਲ ਵਿੱਚ ਤੀਸਰੇ ਪੜਾਅ ਉੱਪਰ ਆ ਕੇ ਹੀ ਪਾਠ ਦੇ ਪ੍ਰਮਾਣਿਕ ਸਰੂਪ ਦੀ ਤਲਾਸ਼ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਕਿਸੇ ਪਾਠ ਦੇ ਸਿਰਜਣਾਤਮਿਕ ਨੇਮਾਂ ਦੇ ਅਧਾਰ-ਸੂਤਰ ਤਲਾਸ਼ਣ ਦਾ ਪ੍ਰਮਾਣਿਕ ਕਾਰਜ ਰੌਬਰਟ ਐਲਨ ਡੀ ਬੋਗਰਾਂਦ ਅਤੇ ਉਲਰਿਚ ਡਰੈਸਲਰ(੭) ਨੇ ਸਾਹਮਣੇ ਲਿਆਂਦਾ। Introduction to text linguistics ਵਿੱਚ ਪਾਠ ਦੇ ਸਿਰਜਣ ਵਿਧਾਨ ਵਿੱਚ ਕਾਰਜਸ਼ੀਲ ਸੱਤ ਸਿਰਜਣਾਤਮਿਕ ਮੱਦਾਂ ਨੂੰ ਪਛਾਣਿਆ ਗਿਆ ਹੈ ਅਤੇ ਪਾਠ-ਸਿਰਜਣਾ ਇੰਨ੍ਹਾਂ ਸੱਤ-ਨੇਮਾਂ ਉਪਰ ਉਸਰਦੀ ਪਛਾਣੀ ਗਈ ਹੈ।

1. ਰੂਪਾਤਮਿਕਤਾ — Cohesion
2. ਭਾਵਾਤਮਿਕਤਾ — Coherence
3. ਪਾਠਤਮਿਕਤਾ — Textuality
4. ਪਰਵਾਨਿਕਤਾ — Acceptability
5. ਬਿਰਤਾਂਤਿਕਤਾ — Informatively
6. ਢੁਕਾਤਮਿਕਤਾ — Situationality
7. ਅੰਤਰ-ਪਾਠਾਤਮਿਕਤਾ — inter-textuality

ਪਾਠ ਸਿਰਜਣ ਦਾ ਇਹ ਸਿਧਾਂਤਕ ਅਧਾਰ ਕਿਸੇ ਵੀ ਪਾਠ ਲਈ ਸਰਵ-ਸਾਂਝਾ ਹੈ ਪਰ ਹਰ ਪਾਠ ਆਪਣੀਆਂ ਲੋੜਾਂ ਅਨੁਸਾਰ ਕਿਸੇ ਇਕ ਨੇਮ/ਤੱਤ ਦੀ ਪ੍ਰਧਾਨ-ਵਰਤੋ ਦਾ ਤਰਕ ਵੀ ਨਿਭਾਅ ਜਾਂਦਾ ਹੈ ਜਿਵੇਂ ਇਤਿਹਾਸਕ ਜਾਂ ਗਾਲਪਨਿਕ ਪਾਠਾਂ ਵਿੱਚ ਬਿਰਤਾਂਤਕ ਤੱਤਾਂ ਦੀ ਉੱਘੜਵੀਂ ਜੁਗਤ ਤਾਰਕਿਕ ਹੋ ਸਕਦੀ ਹੈ।

ਪਾਠ ਦਾ ਰੂਪ ਜਾਂ ਸਰੰਚਨਾ ਪਾਠ ਦੀ ਰੁਪਾਂਤਮਿਕ ਜੁਗਤ ਦੀ ਦੇਣ ਹੁੰਦੀ ਹੈ। ਰੁਪਾਂਤਮਿਕ-ਜੁਗਤ ਦਾ ਅਰਥ ਹੈ ਉਹ ਸਾਰੇ ਤੱਥ/ਤੱਤ ਜੋ ਪਾਠ ਨੂੰ ਦ੍ਰਿਸ਼ਟਮਾਨ ਬਣਾਉਣ ਵਿੱਚ ਜੁੱਟਕੇ ਪਾਠ ਦਾ ਰੂਪ ਘੜਦੇ ਹਨ ਪਰ ਇਹ ਤੱਥ ਜਾਂ ਤੱਤ ਸਹੱਈ ਜਾਂ ਸਟੈਟਿਕ ਨਹੀਂ ਹੁੰਦੇ। ਇਹ ਆਪਣੇ ਆਪ ਵਿੱਚ ਹੋਂਦ ਰੱਖਦੇ ਹਨ ਪਰ ਪਾਠ ਵਿੱਚ ਬਣਦਾ ਨਵਾਂ ਰੂਪ-ਕ੍ਰਮ ਇਨਾਂ ਨੂੰ ਨਵੀਂ ਉਸਾਰੀ ਵਿੱਚ ਨਵੀਂ ਭੂਮਿਕਾ ਵਿਚ ਢਾਲ ਲੈਂਦਾ ਹੈ ਇਹ ਨਵੀਂ ਰੁਪਾਂਤਮਿਕ ਭੂਮਿਕਾ ਵਿਚ ਪਾਠ ਸਰੰਚਨਾ ਦਾ ਪਹਿਲਾ ਰਚਨਾਤਮਿਕ ਨੇਮ ਬਣਦੀ ਹੈ। ਪਾਠ ਦਾ ਇਹ ਰੂਪ ਅਧਾਰ ਅਸਲ ਵਿੱਚ ਆਪਣੇ ਭਾਵ-ਸਿਰਜਣ ਅਮਲ ਨੂੰ ਸਮਾਨਾਂਤਰ ਨਿਭਾਉਂਦਾ ਹੈ। ਪਾਠ ਦੀ ਰੁਪਾਂਤਮਿਕਤਾ ਅਤੇ ਬੋਧਾਤਮਿਕਤਾ ਦਾ ਸਹਿਜ ਦਿਖਾਈ ਦਿੰਦਾ ਸੁਮੇਲ ਹੀ ਪਾਠਾਤਮਿਕਤਾ ਵਿੱਚ ਢਲ ਕੇ ਪਰਵਾਨਿਕਤਾ, ਬਿਰਤਾਂਤਿਕਤਾ ਨੂੰ ਆਂਤਰਿਕ ਸਥਿਤੀ-ਮੂਲਕਾ ਨਾਲ ਜੀਵੰਤ ਰਿਸ਼ਤੇ ਵਿਚ ਬੰਨ੍ਹ ਦਿੰਦਾ ਹੈ। ਅਜਿਹਾ ਪਾਠ ਅੱਗੋਂ ਹੋਰ ਪਾਠਾਂ ਨਾਲ ਜੀਵੰਤ ਰਿਸ਼ਤਾ ਨਿਭਾਉਂਦਾ ਹੈ। ਇਹ ਰਿਸ਼ਤਾ ਇਕੋ ਸਮੇਂ ਪਹਿਲਾਂ ਪ੍ਰਾਪਤ ਪਾਠਾਂ ਨਾਲ ਵੀ ਨਿਭਦਾ ਹੈ ਅਤੇ ਅਗਲੇਰੇ ਸੰਭਾਵੀ ਪਾਠਾਂ ਨਾਲ ਵੀ। ਇਸੇ ਨੂੰ ਵਿਦਵਾਨਾਂ ਨੇ ਪਾਠ- ਅੰਦਰ -ਪਾਠ ਦੇ ਸੰਕਲਪ ਵਜੋਂ ਦੇਖਿਆ ਹੈ।

ਪਾਠ ਭਾਸ਼ਾ ਵਿਗਿਆਨ ਇਸੇ ਸਿਧਾਂਤਕ ਚੌਖਦੇ ਵਿੱਚ ਪਾਠ ਦੀ ਪਛਾਣ ਦਾ ਯਤਨ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਪਾਠ ਦੀਆਂ ਕਿਸਮਾਂ ਨਿਰਧਾਰਤ ਕਰਕੇ ਪਾਠ ਅਧਿਐਨ- ਵਿਸ਼ਲੇਸ਼ਣ ਹੋਰ ਪ੍ਰਮਾਣਿਕਤਾ ਗ੍ਰਹਿਣ ਕਰ ਸਕਦਾ ਹੈ ਪਰ ਵਿਚਾਰਨ ਵਾਲਾ ਨੁਕਤਾ ਪਾਠ ਦੀਆਂ ਕਿਸਮਾਂ ਨਿਰਧਾਰਤ ਕਰਨਾ ਨਹੀਂ ਸਗੋਂ ਪਾਠ ਦੇ ਅੰਤਰੀਵੀ ਡੂੰਘ ਵਿੱਚ ਕਾਰਜਸ਼ੀਲ ਉਸ ਵਿਚਾਰਧਾਰਕ ਗਤੀਸ਼ੀਲਤਾ ਨੂੰ ਗ੍ਰਹਿਣ ਕਰਨਾ ਹੈ ਜੋ ਪਾਠ ਨੂੰ ਪਾਠ ਬਣਾਉਂਦੀ ਹੈ। ਵਿਦਵਾਨਾਂ ਨੇ ਇਸ ਨੂੰ ਪ੍ਰਵਚਨ (Discourse) ਦਾ ਨਾਮ ਦਿੱਤਾ ਹੈ। ਇਹ ਪ੍ਰਵਚਨ ਅਸਲ ਵਿੱਚ ਕਿਸੇ ਪਾਠ ਦਾ ਉਹ ਜੀਵੰਤ ਗਤੀਸ਼ੀਲ ਵਿਚਾਰਧਾਰਕ ਪ੍ਰਵਾਹ ਹੁੰਦਾ ਹੈ ਜੋ ਕਿਸੇ ਪਾਠ- ਵਿਸ਼ੇਸ਼ ਵਿੱਚ ਇਕ ਖਾਸ ਬਿਰਤਾਂਤਿਕ ਕੜੀ ਵਿੱਚ ਪ੍ਰਸਤੁਤ ਹੁੰਦਾ ਹੈ। ਪਾਠ- ਭਾਸ਼ਾ ਵਿਗਿਆਨ ਪਾਠ ਦੇ ਅਧਿਐਨ ਦਾ ਵਿਗਿਆਨ ਹੈ। ਇਸ ਅਧਿਐਨ- ਵਿਧੀ ਦਾ ਸੱਤਈ ਸਫਰ ਪਾਠ ਤੋਂ ਪਾਠ ਤੱਕ ਦਾ ਸਫਰ ਦਿਖਾਈ ਦਿੰਦਾ ਹੈ ਜਦ ਕਿ ਪਾਠ-ਭਾਸ਼ਾ ਵਿਗਿਆਨ ਦੀ ਥਾਹ ਤਾਂ ਹੀ ਪਾ ਜਾ ਸਕਦੀ ਹੈ ਜੇਕਰ ਇਸ ਨੂੰ ਪਾਠ-ਪ੍ਰਵਚਨ-ਪਾਠ ਦੇ ਸਮੀਕਰਨ ਵਿੱਚ ਪਛਾਣੀਏ। ਪ੍ਰਵਚਨ ਪਾਠ ਦਾ ਪ੍ਰਾਣ-ਤੱਤ ਹੈ। ਇਸ ਲਈ ਪਾਠ-ਭਾਸ਼ਾ ਵਿਗਿਆਨ ਜਦੋਂ ਕਿਸੇ ਪਾਠ ਦੀ ਖੋਜ ਵਿੱਚ ਤੁਰਦਾ ਹੈ ਤਾਂ ਅਸਲ ਵਿੱਚ ਇਹ ਖੋਜ ਪ੍ਰਵਚਨ ਦੇ ਉਦੈ ਹੋਣ ਤੱਕ ਫੈਲਾਓ ਗ੍ਰਹਿਣ ਕਰਦੀ ਹੈ। ਪ੍ਰਵਚਨ ਦਾ ਉਦੈ ਹੀ ਪਾਠ ਦਾ ਉਦੇਸ਼ ਹੁੰਦਾ ਹੈ। ਪ੍ਰਵਚਨ ਦਾ ਉਦੈ ਹੀ ਅਗਲੇਰੇ ਪਾਠਾਂ ਦਾ ਅਧਾਰ ਹੁੰਦਾ ਹੈ। ਇਸੇ ਲਈ ਪਾਠ-ਭਾਸ਼ਾ ਵਿਗਿਆਨ ਨੂੰ ਅਸੀਂ ਪਾਠ-ਪ੍ਰਵਚਨ-ਪਾਠ ਦੇ ਸਮੀਕਰਨ ਵਿੱਚ ਸਮਝਾਂਗੇ ਤਾਂ ਪਾਠ ਦਾ ਵਰਤਮਾਨ, ਭੂਤ ਅਤੇ ਭਵਿੱਖ ਨਾਲ ਰਿਸ਼ਤਾ ਸਹਿਜ ਦੀ ਉਜਾਗਰ ਹੋ ਜਾਵੇਗਾ।

ਸਾਹਿਤ ਪਾਠਾਂ ਦੇ ਅਧਿਐਨ ਲਈ ਪਾਠ-ਭਾਸਾ ਵਿਗਿਆਨ ਦੀ ਅਧਿਐਨ ਵਿਧੀ ਇਸ ਦ੍ਰਿਸ਼ਟੀ ਤੋਂ ਵਧੇਰੇ ਸਾਰਥਿਕ ਦਿਖਾਈ ਦਿੰਦੀ ਹੈ ਕਿ ਸਾਹਿਤ ਆਪਣੇ ਆਪ ਵਿਚ ਇਕ ਸਵੈ-ਸੰਪੂਰਨ ਸੰਸਾਰ ਵਜੋਂ ਵਿਚਰਦਾ ਹੈ। ਇਹ ਸਮਾਜ ਵਿੱਚੋਂ ਪੈਦਾ ਹੋਇਆ ਸ਼ਬਦ-ਸਮਾਜ ਹੈ ਜੋ ਇਕ ਅਜਿਹੀ ਜੀਵੰਤ ਇਕਾਈ ਹੈ ਜੋ ਨਵੀਂ ਜੀਵਨ-ਜੁਗਤ ਲੈ ਕੇ ਆਉਂਦੀ ਹੈ। ਇਸ ਇਕਾਈ ਨੂੰ ਇਕ ਚਿੰਨ੍ਹ ਜਾਂ ਪਾਠ ਮੰਨ ਕੇ ਜਦੋਂ ਪਾਠ-ਭਾਗ ਵਿਗਿਆਨਕ ਅਧਿਐਨ ਰਾਹੀਂ ਸਮਝਣ ਦਾ ਯਤਨ ਕਰਾਂਗੇ ਤਾਂ ਇਸ ਪਾਠ-ਇਕਾਈ ਦੀਆਂ ਡੂੰਘੀਆਂ ਪਰਤਾਂ ਨੂੰ ਸਹਿਜ ਹੀ ਉਜਾਗਰ ਕੀਤਾ ਜਾ ਸਕਦਾ ਹੈ।

ਪਾਠ (text) ਭਾਸ਼ਾ ਦੇ ਨਹੀਂ ਬਣਦੇ। ਪਾਠ-ਚਿੰਨਾਂ ਦੇ ਬਣਦੇ ਹਨ (ਭਾਸ਼ਾ ਵੀ ਇਕ ਪ੍ਰਕਾਰ ਦੇ ਚਿੰਨ੍ਹ ਹਨ) ਅਸੀਂ ਮੁੱਖ ਤੌਰ ਤੇ ਭਾਸ਼ਾਈ ਚਿੰਨ੍ਹਾਂ ਨਾਲ ਜੁੜੇ ਹੋਏ ਹਾਂ ਇਸ ਲਈ ਭਾਸ਼ਾਈ ਪਾਠਾਂ ਦੀ ਗੱਲ ਤੱਕ ਸੀਮਤ ਹਾਂ। ਵੱਖ-ਵੱਖ ਚਿੰਨ੍ਹਾਂ ਨਾਲ ਬਣੇ ਪਾਠਾਂ ਨੂੰ ਸਮਝਣ ਲਈ ਵਿਧੀ-ਵਿਧਾਨਾਂ ਨੂੰ ਖੋਜਣ ਦੀ ਲੋੜ ਹੈ। ਪਾਠ-ਭਾਸ਼ਾ ਵਿਗਿਆਨ ਭਾਸ਼ਾਈ-ਪਾਠਾਂ ਦੇ ਅਧਿਐਨ-ਵਿਸ਼ਲੇਸ਼ਣ ਦਾ ਵਿਗਿਆਨ ਹੈ। ਇਸੇ ਨੂੰ ਅਸੀਂ ਸਾਹਿਤ-ਪਾਠਾਂ ਦੇ ਅਧਿਐਨ ਵਿਸ਼ਲੇਸ਼ਣ ਲਈ ਵਰਤੋਂ ਵਿੱਚ ਲਿਆਉਂਦੇ ਹਾਂ ਭਾਵੇਂ ਕਿ ਅਜੇ ਇਸ ਖੇਤਰ ਵਿੱਚ ਵੀ ਹੋਰ ਪ੍ਰਮਾਣਿਕ ਕਾਰਜ ਕਰਨ ਦੀ ਲੋੜ ਹੈ। ਪਰੰਤੂ ਅੱਜ ਲੋੜ ਉਸ ਵਿਗਿਆਨ ਦੀ ਹੈ ਜੋ ਸਮੁੱਚੇ ਪਾਠਾਂ (ਭਾਸ਼ਾਈ ਅਤੇ ਗੈਰ ਭਾਸ਼ਾਈ ਪਾਠਾਂ) ਦੇ ਅਧਿਐਨ-ਵਿਸ਼ਲੇਸ਼ਣ ਉੱਪਰ ਕੇਂਦਰਿਤ ਹੋਵੇਗਾ ਅਤੇ ਉਹ ਵਿਗਿਆਨ ਪਾਠ-ਵਿਗਿਆਨ (science of text) ਅਖਵਾਏਗਾ, ਜੋ ਸਮੁੱਚੀਆਂ ਮਾਨਵੀ ਸਿਰਜਨਾਵਾਂ ਦੇ ਅਧਿਐਨ- ਵਿਸ਼ਲੇਸ਼ਣਾ ਦੀ ਪ੍ਰਮਾਣਿਕ ਅਧਿਐਨ- ਜੁਗਤ ਲੈ ਕੇ ਆਏਗਾ।

## ਹਵਾਲੇ ਅਤੇ ਟਿੱਪਣੀਆਂ


1. ਪਰਮਜੀਤ ਸਿੱਧੂ, ਸਾਹਿਤ ਅਧਿਐਨ ਵਿਧੀਆਂ - ਵਰਤਮਾਨ ਪਰਿਪੇਖ, ਸੰਪਾ. ਹਰਿਭਜਨ ਸਿੰਘ ਭਾਟੀਆ, ਪੰਨਾ 232
2. Wikipedia Contributors. “Text Linguistics”. Wiipedia, The Free Encyclopedia, 10 September 2015. Web 26th October 2015. Page-I
3. Roger Fowler, Language in the News: Discourse and Ideology – Wikipedia, The Free Encyclopedia, 10 Sep. 2015. Web 26 Octo, 2015 Page 2
4. M.A.K. Halliday, New Horizons in Linguistics P-142-143.
5. ਡਾ. ਵੀ. ਪ੍ਰਕਾਸ਼ਨ ਅਤੇ ਡਾ. ਜਗਜੀਤ ਸਿੰਘ ਕੋਸ਼ਲ, ਭਾਸ਼ਾ ਵਿਗਿਆਨ ਸੰਕਲਨ ਤੇ ਦਿਸ਼ਾਵਾਂ ਪੰਨਾ 216
6. ਪਰਮਜੀਤ ਸਿੱਧੂ, ਸਾਹਿਤ ਅਧਿਐਨ ਵਿਧੀਆਂ - ਵਰਤਮਾਨ ਪਰਿਪੇਖ, ਸੰਪਾ. ਹਰਿਭਜਨ ਸਿੰਘ ਭਾਟੀਆ, ਪੰਨਾ 232
7. Robert Alain De Beaugrande and Molfgang Ulrich Dressler, ‘Basic Notion’, Introduction to text Linguistics, P-1-11